ਪ੍ਰ.ਓ.ਵ.-੫
ਨੰ. ੨੨੨੨੬
2672.3

ਮੁਖ ਬੰਦ

ਕਹਾਣੀ ਦਾ ਬਚਿਆਂ ਨੂੰ ਬੜਾ ਸ਼ੌਕ ਹੁੰਦਾ ਹੈ, ਤਿੰਨ ਚਾਰ ਸਾਲ ਤੋਂ ਲੈ ਕੇ ਦਸਾਂ ਬਾਰਾਂ ਸਾਲਾਂ ਤਕ ਇਹ ਸ਼ੌਕ ਲਗਾਤਾਰ ਜਾਰੀ ਰਹਿੰਦਾ ਹੈ। "ਚਿੜੀ ਤੇ ਕਾਂ" ਤੋਂ ਕਹਾਣੀਆਂ ਸ਼ੁਰੂ ਹੁੰਦੀਆਂ ਹਨ, ਛੋਟੀ ਉਮਰ ਵਿਚ ਬੱਚੇ ਬੜੇ ਚਾਅ ਨਾਲ ਇਨ੍ਹਾਂ ਨਿਕੀਆਂ ਨਿਕੀਆਂ ਕਹਾਣੀਆਂ ਨੂੰ ਸੁਣਦੇ ਹਨ। ਵੱਡੇ ਹੋਇਆਂ ਆਪਣੀਆਂ ਕਿਤਾਬਾਂ ਵਿਚ ਉਹਨਾਂ ਨੂੰ ਉਹਨਾਂ ਦੀ ਰੁੱਚੀ ਮੁਤਾਬਕ ਬਹੁਤ ਘਟ ਕਹਾਣੀਆਂ ਮਿਲਦੀਆਂ ਹਨ। ਪੰਜਾਬੀ ਵਿਚ ਬਚਿਆਂ ਦੇ ਨੁਕਤੇ ਤੋਂ ਬਹੁਤ ਘਟ ਕਹਾਣੀਆਂ ਲਿਖੀਆਂ ਗਈਆਂ ਹਨ। ਕਿਤਾਬਾਂ ਦੇ ਲਿਖਾਰੀ ਤੇ ਪਬਲਿਸ਼ਰ ਬਹੁਤ ਕੁਝ ਉਹਨਾਂ ਨੂੰ ਸਿਖਿਆ ਦੇਣ ਵਾਸਤੇ ਲਿਖਦੇ ਹਨ। ਬਚਿਆਂ ਦੀਆਂ ਕਿਤਾਬਾਂ ਵਿਚ ਸਿਖਿਆਦਾਇਕ (didactic) ਮਜ਼ਮੂਨ ਤੇ ਨਜ਼ਮਾਂ ਬਹੁਤ ਹੁੰਦੀਆਂ ਹਨ। ਬੱਚੇ ਦੇ ਮਨ ਦੀਆਂ ਖ਼ਿਆਲੀ ਉਡਾਰੀਆਂ (Phantasy) ਦੀ ਤ੍ਰੋਹ ਬੁਝਾਣ ਵਾਲੀਆਂ ਕਹਾਣੀਆਂ ਪੰਜਾਬੀ ਲਿਟਰੇਚਰ ਵਿਚ ਟਾਵੀਆਂ ਟਾਵੀਆਂ ਹੀ ਹਨ॥

ਕਹਾਣੀਆਂ ਦਾ ਇਹ ਸੰਗ੍ਰਹਿ ਦਸ ਤੋਂ ਬਾਰਾਂ ਸਾਲ ਦੇ ਬਚਿਆਂ ਵਾਸਤੇ ਇਕ ਬੜਾ ਲੋੜੀਂਦਾ ਸੰਗ੍ਰਹਿ ਹੈ। ਇਹ ਕਹਾਣੀਆਂ ਪੰਜਵੀਂ, ਛੇਵੀਂ, ਸਤਵੀਂ ਦੇ ਬਚਿਆਂ ਵਾਸਤੇ ਬੜੀਆਂ ਦਿਲਚਸਪ ਸਾਬਤ ਹੋਣਗੀਆਂ।

ਸਾਡੇ ਬੱਚੇ ਇਨ੍ਹਾਂ ਨੂੰ ਬੜੇ ਸ਼ੌਕ ਨਾਲ ਪੜ੍ਹਦੇ ਹਨ। ਇਨ੍ਹਾਂ ਵਿਚ ਵਾਕਫ਼ੀ ਵੀ ਹੈ, ਖ਼ਿਆਲ ਟੁੰਭਣ ਵਾਲੀਆਂ ਘਟਨਾਵਾਂ ਤੇ ਮਿਸਾਲਾਂ ਵੀ ਹਨ, ਖ਼ਿਆਲੀ ਉਡਾਰੀ ਲਈ ਵੀ ਚੋਖਾ ਕੁਝ ਹੈ। ਬਹੁਤਾ ਕੁਝ ਬਚਿਆਂ ਦੀ ਆਪਣੀ ਜ਼ਿੰਦਗੀ ਵਿਚੋਂ ਹੀ ਲਿਆ ਹੋਇਆ ਹੈ। ਬੱਚੇ ਉਹਨਾਂ ਕਹਾਣੀਆਂ ਨੂੰ ਹੀ ਪਸੰਦ ਕਰਦੇ ਹਨ ਜੋ ਉਹਨਾਂ ਦੀ ਜ਼ਿੰਦਗੀ ਨਾਲ ਵਾਸਤਾ ਰਖ-ਦੀਆਂ ਹੋਣ ॥

ਇਨ੍ਹਾਂ ਕਹਾਣੀਆਂ ਨੂੰ ਪੰਜਾਬੀ ਜਾਮਾ ਸਰਦਾਰ ਗੁਰਬਖ਼ਸ਼ ਸਿੰਘ ਜੀ ਐਡੀਟਰ ਪ੍ਰੀਤ ਲੜੀ ਨੇ ਪਹਿਨਾਇਆ ਹੈ। ਬਹੁਤ ਸਾਰੀਆਂ ਕਹਾਣੀਆਂ ਅੰਗਰੇਜ਼ੀ ਵਿਚੋਂ ਉਲਥਾ ਕੀਤੀਆਂ ਗਈਆਂ ਹਨ। ਕੁਝ ਉਹਨਾਂ ਦੀਆਂ ਆਪਣੀਆਂ ਲਿਖੀਆਂ ਹੋਈਆਂ ਹਨ। ਇਨ੍ਹਾਂ ਕਹਾਣੀਆਂ ਦੀ ਬੋਲੀ ਬੜੀ ਸਾਫ਼ ਤੇ ਮਿੱਠੀ ਹੈ॥

ਪ੍ਰੀਤ ਨਗਰ
੧੦ ਜੂਨ, ੧੯੪੧

ਜਗਦੀਸ਼ ਸਿੰਘ
ਪ੍ਰਿੰਸੀਪਲ, ਐਕਟਿਵਿਟੀ ਸਕੂਲ

ਕੀ ਕਿੱਥੇ

੧. ਮਧੁਰ ਬੈਨ	੧
੨. ਮਾਨਸ ਤੋਂ ਦੇਵਤਾ	੧੦
੩. ਕਾਕੇ ਪਵਿੱਤ੍ਰ ਦੀ ਚਿੜੀ	੪੮
੪. ਕੋਹਿ ਨੂਰ	੫੯
੫. ਨਿੱਕਾ ਬੀਲੇ ਤੇ ਕੜਾਹੀਆਂ ਪਤੀਲੇ	੭੪
੬. ਪੰਛੀਆਂ ਦੇ ਦੇਸ਼-ਦੌਰੇ	੮੫
੭. ਫ਼ਲਾਰੈਂਸ ਨਾਈਟਿੰਗੇਲ	੯੫
੮. ਖ਼ੁਸ਼ੀ ਕੀਕਰ ਮਿਲ ਸਕਦੀ ਹੈ	੧੦੪
੯. ਸਾਬਰ ਗ੍ਰਿਸਲਦਾ	੧੧੪

ਮਧੁਰ-ਬੈਠ

ਬੜਿਆਂ ਵਰ੍ਹਿਆਂ ਦੀ ਗੱਲ ਏ, ਉੱਚੇ ਪਰਬਤਾਂ ਦੇ ਪੈਰਾਂ ਵਿਚ ਇਕ ਨਿੱਕਾ ਜਿਹਾ ਦੇਸ ਵਸਦਾ ਹੁੰਦਾ ਸੀ। ਉਸ ਨੂੰ ਪੁਸ਼ਪ-ਨਗਰੀ ਆਖਦੇ ਸਨ। ਏਸ ਨਗਰੀ ਵਿਚ ਬਾਕੀ ਗੱਲਾਂ ਤੇ ਹੋਰਨਾਂ ਨਗਰਾਂ ਵਾਕਰ ਹੀ ਸਨ, ਪਰ ਇਕ ਗੱਲ ਬੜੀ ਅਨੋਖੀ ਸੀ। ਆਖਦੇ ਨੇ, ਉਥੇ ਜਦੋਂ ਚੰਨ ਨਹੀਂ ਸੀ ਚੜ੍ਹਦਾ ਤਾਂ ਵੀ ਮਿੱਠੀ ਮਿੱਠੀ ਚਾਨਣੀ ਸਾਰੇ ਨਗਰ ਵਿਚ ਰਹਿੰਦੀ ਹੁੰਦੀ ਸੀ। ਕੋਈ ਰਾਤ ਉਥੇ ਹਨੇਰੀ ਨਹੀਂ ਸੀ ਹੁੰਦੀ।

ਇਸ ਨਗਰੀ ਉਤੇ ਇਕ ਬੜੀ ਸੁਹਣੀ ਰਾਣੀ ਰਾਜ ਕਰਦੀ ਸੀ। ਉਹਦਾ ਹਾਸਾ, ਆਖਦੇ ਨੇ, ਏਡਾ ਮਿੱਠਾ ਸੀ ਕਿ ਜਿਦ੍ਹੇ ਕੰਨੀਂ ਉਹਦੀ ਆਵਾਜ਼ ਪੈ ਜਾਏ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.